بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.01.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਵਕਫ਼ੇ ਜਦੀਦ ਦੇ 60ਵੇਂ ਸਾਲ ਦੀ ਸ਼ਾਨੋ ਸ਼ੌਕਤ ਨਾਲ ਘੋਸ਼ਣਾ**
**ਵਕਫ਼ੇ ਜਦੀਦ ਦਾ ਚੰਦਾ ਦੇਣ ਵਾਲਿਆਂ ਦੀ ਆਰਥਕ ਕੁਰਬਾਨੀਆਂ ਦਾ ਇਮਾਨ ਵਧਾਊ ਗਲੱਾਂ ਦਾ ਵਰਨਣ**
**ਮੁਕਰੱਮਾ ਇਸਮਹ ਤਾਹਿਰਾ ਸਾਹਿਬਾ ਸੁਪਤੱਨੀ ਸਾਹਿਬਜ਼ਾਦਾ ਮਿਰਜ਼ਾ ਖ਼ਲੀਲ ਅਹਮਦ ਸਾਹਬ ਅਤੇ ਮੁਕਰੱਮ ਚੌਧਰੀ ਹਮੀਦ ਨਸਰੁਲੱਾਹ ਖ਼ਾਨ ਸਾਹਿਬ ਦੇ ਸਦਗੁਣਾ ਦਾ ਵਰਨਣ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 06 ਜਨਵਰੀ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਦੁਨੀਆ ਵਿੱਚ ਮਨੁੱਖ ਧੰਨ ਖਰਚ ਕਰਦਾ ਹੈ ਵਿਅਕਤੀਗੱਤ ਸ਼ਾਂਤੀ ਲਈ ਵੀ, ਵਿਅਤੀਗੱਤ ਉਦੇਸ਼ ਪ੍ਰਾਪਤ ਕਰਨ ਲਈ ਵੀ ਅਤੇ ਕਦੇ ਦਾਨ ਤੇ ਖ਼ੈਰਾਤ ਵੀ ਕਰ ਦਿੰਦਾ ਹੈ ਪਰ ਦੁਨੀਆ ਵਿੱਚ ਅੱਜ ਕੋਈ ਅਜਿਹਾ ਸਮੁਦਾਏ ਨਹੀਂ ਹੈ ਕੋਈ ਅਜਿਹੀ ਜਮਾਤ ਨਹੀਂ ਹੈ ਜਿਸ ਦੇ ਮੈਂਬਰ ਅਤੇ ਲੋਕ ਦੁਨੀਆ ਦੇ ਹਰ ਸ਼ਹਿਰ ਅਤੇ ਹਰ ਦੇਸ਼ ਵਿੱਚ ਇਕ ਉਦੇਸ਼ ਲਈ ਇਸ ਹੱਥ'ਤੇ ਇਕਤੱਰ ਹੋਕੇ ਆਪਣੇ ਧੰਨ ਮਾਲ ਖਰਚ ਕਰਨ ਲਈ ਪੇਸ਼ ਕਰ ਰਹੇ ਹੋਣ ਅਤੇ ਉਸ ਦਾ ਉਦੇਸ਼ ਵੀ ਧਰਮ ਦੇ ਪ੍ਰਸਾਰ ਅਤੇ ਮਾਨਵਤਾ ਦੀ ਸੇਵਾ ਦਾ ਮੰਤਵ ਹੋਵੇ । ਹਾਂ, ਕੇਵਲ ਇਕ ਜਮਾਤ ਹੈ ਜੋ ਇਹ ਕੰਮ ਕਰ ਰਹੀ ਹੈ ਅਤੇ ਉਹ ਜਮਾਤ ਹੈ ਜਿਸ ਨੂੰ ਰੱਬ ਨੇ ਇਸ ਉਦੇਸ਼ ਲਈ ਕਾਇਮ ਕੀਤਾ ਹੈ । ਉਹ ਜਮਾਤ ਹੈ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਦੀ ਜਮਾਤ ਹੈ ਉਹ ਜਮਾਤ ਹੈ ਜੋ ਮਸੀਹ ਮੌਊਦ ਅਤੇ ਮਹਦੀ ਮਾਹੂਦ ਦੀ ਜਮਾਤ ਹੈ ਜਿਸਦੇ ਸੁਪੁਰਦ ਇਸਲਾਮ ਦਾ ਸਾਰੀ ਦੁਨੀਆਂ ਵਿੱਚ ਸਥਪਨਾ ਦਾ ਕੰਮ ਹੈ ਜੋ ਲਗਭਗ ਬੀਤੇ 128 ਵਰ੍ਹਿਆਂ ਤੋਂ ਇਸਲਾਮ ਦੀ ਸੇਵਾ ਕਰ ਰਹੀ ਹੈ ਅਤੇ ਮਾਨਵਤਾ ਦੀ ਸੇਵਾ ਵਿੱਚ ਆਪਣਾ ਮਾਲ ਕੁਰਬਾਨ ਕਰ ਰਹੀ ਹੈ ਅਤੇ ਇਹ ਇਸ ਲਈ ਕਿ ਹਜ਼ਰਤ ਮਸੀਹ ਮੌਊਦ ਅਲਐਹਿ ਸਲਾਮ ਨੇ ਇਸ ਜਮਾਤ ਨੂੰ ਕੁਰਆਨ ਕਰੀਮ ਦੀ ਸਿੱਖਿਆ ਦੇ ਚਾਨ੍ਹਣੇ ਵਿੱਚ ਮਾਲ ਦੇ ਉਚਿਤ ਖਰਚੇ ਤੇ ਮਾਲ ਦੀ ਕੁਰਬਾਨੀ ਦਾ ਉਚਿਤ ਪ੍ਰਾਵਧਾਨ ਪ੍ਰਦਾਨ ਕੀਤਾ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਇਕ ਥਾਂ ਫ਼ਰਮਾਉਂਦੇ ਹਨ ਕਿ :

ਮੈਂ ਵਾਰ ਵਾਰ ਕਹਿੰਦਾ ਹਾਂ ਕਿ ਰੱਬ ਦੇ ਮਾਰਗ ਵਿੱਚ ਖਰਚ ਕਰੋ ਕਿਉਂਕਿ ਇਸਲਾਮ ਇਸ ਸਮੇਂ ਪਤਨ ਦੀ ਅਵਸਥਾ ਵਿੱਚ ਹੈ ਆਂਤਰਕ ਤੇ ਬਾਹਰੀ ਕਮਜ਼ੋਰੀਆਂ ਨੂੰ ਦੇਖਕੇ ਸੁਭਾਵਕ ਹੀ ਚਿੰਤਤ ਹੋ ਜਾਂਦਾ ਹਾਂ ਅਤੇ ਇਸਲਾਮ ਦੂਜੇ ਵਿਰੋਧੀ ਧਰਮਾ ਦਾ ਸ਼ਿਕਾਰ ਬਣ ਰਿਹਾ ਹੈ । ਫ਼ਰਮਾਇਆ ਜੱਦ ਇਹ ਹਾਲਤ ਹੋ ਗਈ ਹੈ ਤਾਂ ਕੀ ਇਸਲਾਮ ਦੀ ਤਰੱਕੀ ਲਈ ਅਸੀਂ ਪੈਰ੍ਹ ਨ ਚੁਕੀਏ । ਰੱਬ ਨੇ ਇਸੇ ਮੰਤਵ ਲਈ ਇਸ ਜਮਾਤ ਨੂੰ ਕਾਇਮ ਕੀਤਾ ਹੈ । ਸੋ, ਇਸ ਦੀ ਤਰੱਕੀ ਲਈ ਜਤਨ ਕਰਨਾ, ਇਹ ਰੱਬ ਦੇ ਆਦੇਸ਼ ਤੇ ਇਛੱਾ ਮੂਜਬ ਹੈ ।

ਫ਼ਿਰ ਫ਼ਰਮਾਇਆ ਇਹ ਵਾਦੇ ਵੀ ਰੱਬ ਵੱਲੋਂ ਹਨ ਕਿ ਜੋ ਮਨੁੱਖ ਰੱਬ ਲਈ ਦੇਵੇਗਾ ਮੈਂ ਉਸ ਨੂੰ ਕਈ ਗੁਣਾ ਬਰਕਤ ਦਿਆਂਗਾ । ਦੁਨੀਆ ਵਿੱਚ ਹੀ ਉਸ ਨੂੰ ਬਹੁਤ ਕੁਝ ਮਿਲੇਗਾ ਅਤੇ ਮਰਨ ਉਪਰੰਤ ਵੀ ਪ੍ਰਲੈ ਵਿੱਚ ਉਸ ਦਾ ਪ੍ਰਤੀਫਲ ਦੇਖ ਲਏਗਾ ਕਿ ਕਿੰਨ੍ਹਾ ਆਰਾਮ ਮਿਲਦਾ ਹੈ । ਭਾਵ ਇਸ ਸਮੇਂ ਮੈਂ ਇਸ ਗੱਲ ਵੱਲ ਤੁਹਾਨੂੰ ਸਾਰਿਆਂ ਨੂੰ ਧਿਆਨ ਦੁਆਉਂਣਾ ਚਾਹੁੰਦਾ ਹਾਂ ਕਿ ਇਸਲਾਮ ਦੀ ਤਰੱਕੀ ਲਈ ਆਪਣੇ ਧੱਨ ਮਾਲ ਖਰਚ ਕਰੋ । ਸੋ, ਆਪ ਜੀ ਦੇ ਸਹਾਬਾ (ਸਾਥੀਆਂ) ਨੇ ਇਸ ਗੱਲ ਨੂੰ ਸਮਝਿਆ ਅਤੇ ਆਪਣੇ ਧੰਨ ਮਾਲ ਧਾਰਮਕ ਉਦੇਸ਼ਿਆਂ ਲਈ ਪੇਸ਼ ਕਰ ਦਿੱਤੇ ।

ਅਨੇਕਾਂ ਹੀ ਲੋਕਾਂ ਦੀਆਂ ਉਧਾਰਣਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀਆਂ ਕਿਤਾਬਾਂ ਤੇ ਮੁਫ਼ੁਜ਼ਾਤ ਵਿੱਚ ਵਰਨਣ ਕੀਤੀਆਂ ਜਿੰਨ੍ਹਾਂ ਨੇ ਆਪਣੀਆਂ ਲੋੜਾਂ ਦੀ ਪਰਵਾਹ ਨ ਕਰਦਿਆਂ ਹੋਇਆਂ ਧਾਰਮਕ ਉਦੇਸ਼ਿਆਂ ਲਈ ਵੱਧ ਚੜ੍ਹ ਕੇ ਕੁਰਬਾਨੀਆਂ ਕੀਤੀਆਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਦੇ ਲੋਕਾਂ ਨੂੰ ਇਹ ਕੁਰਬਾਨੀ ਦੀ ਜਾਗ ਇਉਂ ਲੱਗੀ ਕਿ ਇਕ ਦੇ ਬਾਦ ਦੂਜੀ ਨਸਲ ਕੁਰਬਾਨੀਆਂ ਕਰਦੀ ਚਲੀ ਜਾ ਰਹੀ ਹੈ ਸਗੋਂ ਉਹ ਲੋਕ ਜੋ ਦੂਰ ਦੁਰਾਡੇ ਦੇਸ਼ਾਂ ਵਿੱਚ ਰਹਿਣ ਵਾਲੇ ਹਨ ਬਾਦ ਵਿੱਚ ਆਣਕੇ ਸ਼ਾਮਲ ਹੋਏ ਹਨ ਅਤੇ ਹੋ ਰਹੇ ਹਨ ਉਹ ਵੀ ਇਹਨਾਂ ਬਜ਼ੁਰਗਾਂ ਦੀਆਂ ਕੁਰਬਾਨੀਆਂ ਦੀਆਂ ਜੱਦ ਗੱਲਾਂ ਸੁਣਦੇ ਹਨ ਜਾਂ ਫ਼ਿਰ ਇਹ ਸੁਣਦੇ ਹਨ ਕਿ ਫ਼ਲਾਣੇ ਉਦੇਸ਼ ਲਈ ਕੁਰਬਾਨੀ ਦੀ ਲੋੜ ਹੈ ਅਤੇ ਰੱਬ ਦੇ ਕਲਾਮ ਨੂੰ ਸੁਣ ਕੇ ਫਿਰ ਕੁਰਬਾਨੀਆਂ ਦੀ ਰੂਹ ਨੂੰ ਸਮਝਦੇ ਹਨ ਉਹ ਵੀ ਅਜਿਹੀਆਂ ਉਧਾਰਣਾ ਪੇਸ਼ ਕਰਦੇ ਹਨ ਕਿ ਹੈਰਾਨੀ ਹੁੰਦੀ ਹੈ । ਅਮੀਰਾਂ ਤੋਂ ਵੱਧਕੇ ਮਧਿਅਮ ਵਰਗ ਦੇ ਲੋਕ ਤੇ ਗ਼ਰੀਬ ਲੋਕ ਹਨ ਜੋ ਕੁਰਬਾਨੀਆਂ ਪੇਸ਼ ਕਰਦੇ ਹਨ ਅਤੇ ਹੈਰਾਨੀ ਭਰਪੂਰ ਨਮੂਨੇ ਦਿਖਾਉਂਦੇ ਹਨ । ਉਹਨਾਂ ਨੂੰ ਇਹ ਵਿਚਾਰ ਨਹੀਂ ਹੁੰਦਾ ਕਿ ਸਾਡੀ ਮਮੂਲੀ ਜਿਹੀ ਕੁਰਬਾਨੀ ਨਾਲ ਕੀ ਫ਼ਰਕ ਪਏਗਾ ਸਗੋਂ ਉਹ ਰੱਬ ਦੇ ਇਸ ਕਲਾਮ ਨੂੰ ਸਮਝਦੇ ਹਨ ਜਿਸ ਵਿੱਜ ਰੱਬ ਨੇ ਇਹ ਫ਼ਰਮਾਇਆ ਹੈ ਕਿ :

وَمَثَلُ الَّذِيْنَ يُنْفِقُوْنَ اَمْوَالَهُمُ ابْتِغَآءَ مَرْضَاتِ اللّٰهِ وَتَثْبِيْتًا مِّنْ اَنْفُسِهِمْ كَمَثَلِ جَنَّةٍۭ بِرَبْوَةٍ اَصَابَهَا
وَابِلٌ فَاٰتَتْ اُكُلَهَا ضِعْفَيْنِ ۚ فَاِنْ لَّمْ يُصِبْهَا وَابِلٌ فَطَلٌّ ؕ وَاللّٰهُ بِمَا تَعْمَلُوْنَ بَصِيْرٌ

ਅਤੇ ਉਹਨਾਂ ਲੋਕਾਂ ਦੀ ਉਧਾਰਣ ਜੋ ਆਪਣੇ ਧੰਨ ਮਾਲ ਰੱਬ ਦੀ ਰਜ਼ਾ ਚਾਹੁੰਦਿਆਂ ਹੋਇਆਂ ਆਪਣੇ ਭੌਤਕ ਸਾਧਨਾ ਵਿੱਚੋਂ ਕਈਆਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਖ਼ਰਚ ਕਰਦੇ ਹਨ ਅਜਿਹੇ ਬਾਗ਼ ਵਾਂਗ ਹੈ ਜੋ ਉੱਚੀ ਥਾਂ'ਤੇ ਹੋਵੇ ਅਤੇ ਉਸਨੂੰ ਚੰਗੀ ਵਰਖਾ ਪ੍ਰਾਪਤ ਹੋਏ ਅਤੇ ਉਹ ਵੱਧ ਚੜ੍ਹਕੇ ਆਪਣਾ ਫਲ ਲਿਆਏ ਅਤੇ ਜੇਕਰ ਚੰਗੀ ਵਰਖਾ ਨ ਵੀ ਮਿਲੇ ਤਾਂ ਤਾਂ ਕੇਵਲ ਤ੍ਰੇਲ ਹੀ ਬਹੁਤ ਹੋਵੇ । ਅਲੱਾਹ ਉਸ'ਤੇ ਜੋ ਤੁਸੀਂ ਕਰਦੇ ਹੋ ਬਹੁਤ ਡੂੰਘੀ ਨਜ਼ਰ ਰਖੱਦਾ ਵਾਲਾ ਹੈ ।

ਸੋ, ਗ਼ਰੀਬ ਲੋਕਾਂ ਦੀ ਇਹ ਕੁਰਬਾਨੀ ਸ਼ਬਨਮ ਅਰਥਾਤ ਤ੍ਰੇਲ ਵਾਂਗ ਹੈ । ਇਹ ਇਹੋ ਥੋੜੀ ਜਿਹੀ ਨਮੀ ਜੋ ਉਹਨਾਂ ਦੀ ਮਮੂਲੀ ਜਿਹੀ ਕੁਰਬਾਨੀ ਨਾਲ ਦੀਨ (ਧਰਮ) ਦੇ ਬਾਗ਼ ਨੂੰ ਮਿਲਦੀ ਹੈ ਉਹ ਰੱਬ ਦੀ

ਮਿਹਰ ਨਾਲ ਅਤਿਅੰਤ ਫਲ ਵੀ ਲਿਆਉਂਦੀ ਹੈ । ਅਸੀਂ ਦੇਖਦੇ ਹਾਂ ਕਿ ਅਸੀਂ ਇਕ ਗ਼ਰੀਬ ਜਮਾਤ ਹੁੰਦਿਆਂ ਹੋਇਆਂ ਵੀ ਦੁਨੀਆਂ ਵਿੱਚ ਹਰ ਥਾਂ ਇਸਲਾਮ ਦੇ ਪ੍ਰਕਾਸ਼ਨ ਤੇ ਪ੍ਰਸਾਰਣ ਅਤੇ ਮਾਨਵ ਭਲਾਈ ਦੇ ਕੰਮ ਕਰ ਰਹੇ ਹਾਂ ਅਤੇ ਫਿਰ ਰੱਬ ਦੀ ਮਿਹਰ ਨਾਲ ਰੱਬ ਨੇ ਸਾਡੇ ਕੰਮਾਂ ਵਿੱਚ ਬਰਕਤ ਵੀ ਐਨ੍ਹੀ ਪਾਈ ਹੋਈ ਹੈ ਕਿ ਦੁਨੀਆ ਹੈਰਾਨ ਹੁੰਦੀ ਹੈ ਕਿ ਐਨ੍ਹੇ ਥੋੜੇ ਸਾਧਨ ਹੁੰਦਿਆਂ ਹੋਇਆਂ ਵੀ ਤੁਸੀਂ ਐਨ੍ਹੇ ਵੱਡੇ ਕੰਮ ਕਿਵੇਂ ਕਰ ਲੈਂਦੇ ਹੋ । ਇਹ ਇਸ ਲਈ ਹੁੰਦੇ ਹਨ ਕਿ ਇਹ ਕੁਰਬਾਨੀਆਂ ਕਰਨ ਵਾਲੇ ਉਹ ਲੋਕ ਹਨ ਜੋ ਉਹਨਾਂ ਲੋਕਾਂ ਵਿੱਚ ਸ਼ਾਮਲ ਹੋਣ ਦਾ ਜਤਨ ਕਰਦੇ ਹਨ ਜਿੰਨ੍ਹਾ ਦੀ ਉਧਾਰਣ ਰੱਬ ਨੇ ਇਉਂ ਦਿੱਤੀ ਹੈ, ਫ਼ਰਮਾਇਆ ਕਿ : يُنْفِقُوْنَ اَمْوَالَهُمُ ابْتِغَآءَ مَرْضَاتِ اللّٰهِ ਅਰਥਾਤ ਉਹ ਆਪਣੇ ਧੰਨ ਮਾਲ ਰੱਬ ਦੀ ਰਜ਼ਾ ਮੰਗਦਿਆਂ ਹੋਇਆ ਖਰਚ ਕਰਦੇ ਹਨ । ਅਤੇ ਜੱਦ ਰੱਬ ਦੀ ਰਜ਼ਾ ਉਦੇਸ਼ ਹੋਵੇ ਤਾਂ ਫਲ ਬਹੁਤ ਲਗੱਦੇ ਹਨ ਅਤੇ ਬਰਕਤ ਵੀ ਬਹੁਤ ਪੈਂਦੀ ਹੈ । ਜਿਵੇਂ ਕਿ ਮੈਂ ਕਿਹਾ ਉਹਨਾਂ ਕੁਰਬਾਨੀਆਂ ਦੀਆਂ ਉਧਾਰਣਾ ਅੱਜ ਵੀ ਹਨ ਸਗੋਂ ਅਸੰਖ ਉਧਾਰਣਾ ਹਨ, ਉਹਨਾਂ ਵਿੱਚੋਂ ਕੁਝ ਇਕ ਪੇਸ਼ ਕਰਦਾ ਹਾਂ ।

ਕਾਦੀਆਂ ਤੋਂ ਹਜ਼ਾਰਾਂ ਮੀਲ ਦੀ ਦੂਰੀ ਵਿੱਚ ਇਕ ਬੱਚੀ ਜੱਦ ਅਹਮਦੀਅਤ ਅਰਥਾਤ ਹਕੀਕੀ ਇਸਲਾਮ ਦੀ ਗੋਦ ਵਿੱਚ ਆਉਂਦੀ ਹੈ ਤਾਂ ਉਸ ਦੀ ਸੋਚ ਕਿਵੇਂ ਬਦਲ ਜਾਂਦੀ ਹੈ ਅਤੇ ਕੁਰਬਾਨੀ ਦਾ ਉਸ ਨੂੰ ਕੀ ਰੂਪ ਪ੍ਰਾਪਤ ਹੁੰਦਾ ਹੈ ਉਸ ਦੀ ਗੱਲ ਉਸ ਬੱਚੀ ਦੇ ਮੂੰਹੋ ਸੁਣ ਲਓ । ਯੂਗੰਡਾ ਵਿੱਚ ਰਹਿਣ ਵਾਲੀ ਇਹ ਬੱਚੀ ਹੈ ਅਨਪੜ੍ਹ ਨਹੀਂ ਸਗੋਂ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਹੈ । ਕਹਿੰਦੀ ਹੈ ਕਿ ਬੀਤੀ ਜੁਲਾਈ ਵਿੱਚ ਮੈਂਨੂੰ ਯੂਨੀਵਰਸਿਟੀ ਦੇ ਦਾਖ਼ਲੇ ਤੋਂ ਪਹਿਲਾਂ ਕੁਝ ਚੀਜਾਂ ਖ਼ਰੀਦਨੀਆਂ ਸਨ ਪਰ ਇਸ ਕੰਮ ਲਈ ਪੈਸੇ ਥੋੜੇ ਸਨ ਅਤੇ ਮੇਰਾ ਚੰਦਾ ਵੀ ਬਕਾਇਆ ਸੀ, ਸੋ ਮੈਂ ਉਹ ਪੈਸੇ ਚੰਦੇ ਲਈ ਦੇ ਦਿੱਤੇ । ਮੇਰਾ ਪਕੱਾ ਵਿਸ਼ਵਾਸ ਸੀ ਕਿ ਰੱਬ ਮੇਰੀ ਜ਼ਰੂਰ ਮਦਦ ਕਰੇਗਾ ਅਤੇ ਮੈਂਨੂੰ ਸੰਤੋਖ ਸੀ ਕਿ ਮੈਂ ਆਪਣਾ ਚੰਦਾ ਦੇ ਦੱਤਾ ਹੈ । ਇਕ ਮਹੀਨੇ ਬਾਦ ਜੱਦ ਅਜੇ ਯੂਨੀਵਰਸਿਟੀ ਖੁਲੱਣ ਵਿੱਚ ਤਿੰਨ ਦਿਨ ਬਾਕੀ ਸਨ ਤਾਂ ਮੇਰੀ ਇਕ ਆਂਟੀ ਨੇ ਮੇਰੀ ਮਾਂ ਨੂੰ ਫ਼ੋਨ ਕੀਤਾ ਕਿ ਮੈਂ ਯੂਨੀਵਰਸਿਟੀ ਕਦੋਂ ਜਾ ਰਹੀ ਹਾਂ ਅਤੇ ਮੈਂਨੂੰ ਆਪਣੇ ਘਰ ਬੁਲਾਇਆ, ਜੱਦ ਮੈਂ ਸ਼ਾਮ ਨੂੰ ਉਹਨਾਂ ਦੇ ਘਰ ਗਈ ਤਾਂ ਉਹਨਾਂ ਨੇ ਮੈਂਨੂੰ ਕੁਝ ਰਕਮ ਫੜਾਈ ਜੋ ਮੇਰੀ ਯੂਨੀਵਰਸਿਟੀ ਦੀ ਲੋੜ ਤੋਂ ਕਈ ਗੁਣਾ ਵੱਧ ਸੀ ਅਤੇ ਜੋ ਰਕਮ ਮੈਂ ਚੰਦੇ ਵਿੱਚ ਦਿੱਤੀ ਸੀ ਉਸ ਤੋਂ ਦਸ ਗੁਣਾ ਵੱਧ ਸੀ । ਇਸ ਪ੍ਰਕਾਰ ਰੱਬ ਨੇ ਮੇਰੀਆਂ ਦੁਆਵਾਂ ਨੂੰ ਸੁਣਿਆ ਅਤੇ ਅਜਿਹੀ ਥਾਂ ਤੋਂ ਮੇਰੀ ਮਦਦ ਕੀਤੀ ਜਿਸ ਦੀ ਮੈਂਨੂੰ ਆਸ ਵੀ ਨਹੀਂ ਸੀ ।

ਫਿਰ ਇੰਡੀਆ ਤੋਂ ਇਕ ਸਾਹਿਬ ਜੋ ਕੇਰਾਲਾ ਦੀ ਇਕ ਜਮਾਤ ਮਨਜੇਰੀ ਨਾਲ ਸੰਬੰਧ ਰਖੱਦੇ ਹਨ । ਉਹਨਾਂ ਬਾਰੇ ਓਥੋਂ ਦੇ ਇੰਸਪੈਕਟਰ ਕਮਰੁੱਦੀਨ ਸਾਹਬ ਲਿਖੱਦੇ ਹਨ ਕਿ ਉਹਨਾਂ ਦਾ ਵੈਕਸੀਨ ਦਾ ਕਾਰੋਬਾਰ ਹੈ । ਮੈਂ ਉਹਨਾਂ ਕੋਲ ਚੰਦਾ ਵਕਫ਼ੇ ਜਦੀਦ ਦੀ ਵਸੂਲੀ ਲਈ ਉਹਨਾਂ ਦੀ ਦੁਕਾਨ'ਤੇ ਗਿਆ ਤਾਂ ਕਹਿਣ ਲੱਗੇ, ਉਹਨਾਂ ਦਾ ਬਹੁਤ ਪੈਸਾ ਫੱਸਿਆ ਹੋਇਆ ਹੈ ਇਸ ਸਮੇਂ ਬਹੁਤ ਔਕੁੜ ਪੇਸ਼ ਆ ਰਹੀ ਹੈ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਇਕ ਭਾਰੀ ਰਕਮ ਦਾ ਚੈਕ ਦਿੰਦਿਆਂ ਹੋਇਆਂ ਕਿਹਾ ਕਿ ਇਸ ਸਮੇਂ ਤਾਂ ਅਕਾਉਂਟ ਵਿੱਚ ਐਨ੍ਹੇ ਪੈਸੇ ਨਹੀਂ ਹਨ ਪਰ ਦੁਆ ਕਰਨਾ ਕਿ ਮੈਂ ਛੇਤੀ ਤੋਂ ਛੇਤੀ ਇਸ ਦੀ ਅਦਾਇਗੀ ਕਰ ਸਕਾਂ । ਕਹਿੰਦੇ ਹਨ ਕਿ ਅਗਲੇ ਹੀ ਦਿਨ ਉਹਨਾਂ ਦਾ ਫ਼ੋਨ ਆਇਆ ਕਿ ਰੱਬ ਦੀ ਮਿਹਰ ਨਾਲ ਚੈਕ ਦੇਣ ਦੇ ਬਾਦ ਮੇਰੇ ਅਕਾਉਂਟ ਵਿੱਚ ਵੱਡੀ ਰਕਮ ਆ ਗਈ ਹੈ, ਇਸ ਲਈ ਆਪ ਆਪਣਾ ਚੈਕ ਕੈਸ਼ ਕਰਾ ਲਓ ਅਤੇ ਕਹਿਣ ਲੱਗੇ ਕਿ ਇਹ ਕੇਵਲ ਚੰਦੇ ਦੀ ਬਰਕਤ ਨਾਲ ਹੀ ਹੈ ਕਿ ਐਨ੍ਹੀ ਛੇਤੀ ਰੱਬ ਨੇ ਇਹ ਸਾਧਨ ਪੈਦਾ ਕਰ ਦਿੱਤੇ ।

ਫਿਰ ਪੂਰਬੀ ਅਫ਼ਰੀਕਾ ਦੇ ਇਕ ਦੇਸ਼ ਤਨਜ਼ਾਨੀਆ ਵਿੱਚ ਰਹਿਣ ਵਾਲੀ ਇਕ ਵਿਧਵਾ ਦੀ ਉਧਾਰਣ ਹੈ ਜਿਸ ਦੇ ਬਾਰੇ ਓਥੋਂ ਦੇ ਅਮੀਰ ਸਾਹਬ ਲਿਖੱਦੇ ਹਨ ਕਿ ਓਰੰਗਾ ਟਾਊਨ ਦੇ ਮੁਅੱਲਿਮ ਸਾਹਬ ਇਕ ਵਿਧਵਾ ਇਸਤਰੀ ਅਮੀਨਾ ਕੋਲ ਚੰਦਾ ਵਕਫ਼ੇ ਜਦੀਦ ਦੀ ਉਗਰਾਹੀ ਲਈ ਗਏ ਤਾਂ ਉਹਨਾਂ ਨੇ ਬਹੁਤ ਦੁਖੀ ਦਿਲ ਨਾਲ ਕਿਹਾ ਕਿ ਇਸ ਸਮੇਂ ਤਾਂ ਉਹਨਾਂ ਕੋਲ ਕੁਝ ਵੀ ਨਹੀਂ ਹੈ ਪਰ ਜਿਵੇਂ ਹੀ ਕੁਝ ਪ੍ਰਬੰਧ ਹੁੰਦਾ ਹੈ ਮੈਂ ਆਪ ਲੈਕੇ ਹਾਜ਼ਰ ਹੋ ਜਾਂਵਾਗੀ । ਮੁਅੱਲਿਮ ਸਾਹਬ ਅਜੇ ਘਰ ਵੀ ਨਹੀਂ ਪਹੁੰਚੇ ਸਨ ਕਿ ਉਕਤ ਇਸਤਰੀ ਦਸ ਹਜ਼ਾਰ ਸ਼ਿਲਿੰਗ ਲੈਕੇ ਹਾਜ਼ਰ ਹੋਈ ਅਤੇ ਦੱਸਿਆ ਕਿ ਇਹ ਰਕਮ ਕਿਤੋਂ ਆਈ ਸੀ ਤਾਂ ਸੋਚਿਆਂ ਕਿ ਆਪ ਨੂੰ ਦੇ ਆਵਾਂ ਪਹਿਲਾਂ ਚੰਦਾ ਦੇ ਦਿਆਂ ਆਪਣੇ ਖਰਚੇ ਬਾਦ ਵਿੱਚ ਪੂਰੇ ਕਰਾਂਗੀ । ਕਹਿਣ ਲੱਗੀ ਮੇਰਾ ਵਾਦਾ ਪੰਝੀ ਹਜ਼ਾਰ ਦਾ ਹੈ ਬਾਕੀ ਪੰਦਰਾਂ ਹਜ਼ਾਰ ਵੀ ਜਿਵੇਂ ਹੀ ਮੈਂਨੂੰ ਮਿਲਣਗੇ ਮੈਂ ਲੈਕੇ ਹਾਜ਼ਰ ਹੋ ਜਾਂਵਾਗੀ, ਸੋ, ਦੱਸ ਮਿੰਟ ਬਾਦ ਹੀ ਮੁੜ੍ਹ ਰਕਮ ਲੈਕੇ ਹਾਜ਼ਰ ਹੋ ਗਈਂ ਅਤੇ ਉਹਨਾਂ ਨੇ ਕਿਹਾ ਕਿ ਰੱਬ ਦਾ ਸਲੂਕ ਦੇਖੋ ਕਿ ਮੈਂ ਦਸ ਹਜ਼ਾਰ ਜੋ ਇਸ ਦੇ ਮਾਰਗ ਵਿੱਚ ਦੇਕੇ ਗਈ ਸੀ ਅਜੇ ਘਰ ਵੀ ਨਹੀਂ ਪਹੁੰਚੀ ਸੀ ਕਿ ਰੱਬ ਨੇ ਮੈਂਨੂੰ ਪੈਂਤੀ ਹਜ਼ਾਰ ਭੇਜ ਦਿੱਤੇ ਅਤੇ ਜਿਸ ਵਿੱਚ ਪੰਦਰਾਂ ਹਜ਼ਾਰ ਦੇਣ ਦੇ ਬਾਦ ਵੀ ਮੇਰੇ ਕੋਲ ਵੀਹ ਹਜ਼ਾਰ ਬੱਚ ਜਾਂਦੇ ਹਨ । ਇਹ ਕੇਵਲ ਰੱਬ ਦੀ ਮਿਹਰ ਹੈ ਅਤੇ ਚੰਦੇ ਦੀ ਬਰਕਤ ਹੈ । ਇਸ ਪ੍ਰਕਾਰ ਉਹਨਾਂ ਦਾ ਈਮਾਨ ਹੋਰ ਵੱਧ ਗਿਆ ।

ਫਿਰ ਪਛੱਮੀ ਅਫ਼ਰੀਕਾ ਦੇ ਇਕ ਦੇਸ਼ ਬੈਨਨ ਦੇ ਇਕ ਅਹਮਦੀ ਦਾ ਨਮੂਨਾ ਦੇਖੋ ਜਿਸ ਨੂੰ ਅਹਮਦੀ ਹੋਏ ਅਜੇ ਸਾਲ ਵੀ ਨਹੀਂ ਹੋਇਆ ਪਰ ਕੁਰਬਾਨੀ ਦੀ ਰੂਹ ਦਾ ਕਿਰਦਾਰ ਕਿੰਨ੍ਹਾ ਮਿਆਰੀ ਹੈ, ਸਗੋਂ ਇਹ ਪੁਰਾਣਿਆਂ ਲਈ ਵੀ ਨਮੂਨਾ ਹੈ । ਓਥੋਂ ਦੇ ਮੁਬੱਲਗ਼ ਮੁਜ਼ਫ਼ੱਰ ਸਾਹਬ ਲਿਖੱਦੇ ਹਨ ਕਿ ਕਰਤੂਨੀ ਰੀਜਨ ਦੇ ਇਕ ਪਿੰਡ ਡੀਕਾਂਬੇ ਵਿੱਚ ਇਸ ਸਾਲ ਜਮਾਤ ਦੀ ਸਥਾਪਨਾ ਹੋਈ । ਏਥੋਂ ਦੇ ਵਸਨੀਕ ਸਧਾਰਣ ਤੌਰ'ਤੇ ਮਛੀਆਂ ਫੜਕੇ ਵੇਚਦੇ ਹਨ, ਮਛੇਰੇ ਹਨ ਅਤੇ ਇਸ'ਤੇ ਉਹਨਾਂ ਦਾ ਗ਼ੁਜ਼ਰ ਬਸਰ ਹੁੰਦਾ ਹੈ । ਲੋਕਲ ਮਿਸ਼ਨਰੀ ਨੇ ਇਹਨਾਂ ਪਿੰਡ ਵਾਲਿਆਂ ਨੂੰ ਚੰਦੇ ਦੀ ਤਹਿਰੀਕ ਕੀਤੀ ਤਾਂ ਇਕ ਅਹਮਦੀ ਸਜੱਣ ਜੋ ਆਰਥਕ ਪੱਖੋਂ ਮਾੜੇ ਹਨ, ਉਹਨਾਂ ਨੇ ਝੱਟ ਤਹਿਰੀਕ ਉਪੱਰ ਹਾਜ਼ਰ ਹਾਂ ਕਹਿ ਕੇ  ਕਹਿੰਦਿਆਂ ਹੋਇਆਂ ਇਕ ਹਜ਼ਾਰ ਫ਼ਰਾਂਕ ਦੀ ਰਕਮ ਕੁਰਬਾਨੀ ਲਈ ਪੇਸ਼ ਕਰ ਦਿੱਤੀ ਅਤੇ ਕਹਿਣ ਲੱਗੇ ਕਿ ਭਾਵੇਂ ਮੇਰੇ ਹਾਲਾਤ ਐਨ੍ਹੇ ਚੰਗੇ ਨਹੀਂ ਹਨ ਪਰ ਮੈਂ ਨਹੀਂ ਚਾਹੁੰਦਾ ਕਿ ਜਿਸ ਜਮਾਤ ਵਿੱਚ ਮੈਂ ਸ਼ਾਮਲ ਹੋਇਆਂ ਹਾਂ ਉਸ ਵੱਲੋਂ ਕੋਈ ਤਹਿਰੀਕ ਹੋਵੇ ਅਤੇ ਮੈਂ ਉਸ ਵਿੱਚ ਸ਼ਾਮਲ ਹੋਣ ਤੋਂ ਵਾਂਜਿਆਂ ਰਹਿ ਜਾਵਾਂ ।

ਕਾਂਗੋ ਕੰਸਾਸ਼ਾ ਦੇ ਮੁਬੱਲਗ਼ ਸ਼ਾਹਿਦ ਸਾਹਬ ਲਿਖੱਦੇ ਹਨ ਕਿ ਇਕ ਇਸਤਰੀ ਛੋਟੇ ਪਧੱਰ'ਤੇ ਕਾਰੋਬਾਰ ਕਰਦੀ ਹਨ ਕਹਿੰਦੀ ਹਨ ਕਿ ਸਾਲ ਦੇ ਅਰੰਭ ਵਿੱਚ ਦੇਸ਼ ਦੇ ਮਾਹੌਲ ਕਰਕੇ ਇਉਂ ਲੱਗ ਰਿਹਾ ਸੀ ਕਿ ਇਸ ਕਾਰੋਬਾਰ ਵਿੱਚ ਲਾਭ ਨਹੀਂ ਹੋਵੇਗਾ । ਪਰ ਮੈਂ ਸਾਲ ਦੇ ਅਰੰਭ ਵਿੱਚ ਵਕਫ਼ੇ ਜਦੀਦ ਦਾ ਚੰਦਾ ਦੇ ਦਿੱਤਾ ਅਤੇ ਸੋਚਿਆ ਕਿ ਰੱਬ ਨਾਲ ਕੀਤਾ ਵਪਾਰ ਘਾਟੇ ਦਾ ਸ਼ਿਕਾਰ ਨਹੀਂ ਹੋ ਸਕਦਾ । ਵਰਨਣ ਕਰਦੀ ਹਨ ਕਿ ਰੱਬ ਦੀ ਮਿਹਰ ਨਾਲ ਉਹਨਾਂ ਨੂੰ ਵਪਾਰ ਵਿੱਚ ਲਾਭ ਹੋਇਆ ਅਤੇ ਦੇਸ਼ ਦੇ ਵਰਤਮਾਨ ਮਹੌਲ ਦੇ ਹੁੰਦਿਆਂ ਹੋਇਆਂ ਵੀ ਵਪਾਰ ਵਿੱਚ ਕੋਈ ਘਾਟਾ ਨਹੀਂ ਹੋਇਆ ।

ਫਿਰ ਅਹਮਦੀਆਂ ਦੀ ਕੁਰਬਾਨੀ ਦਾ ਦੂਜਿਆਂ ਉਪੱਰ ਕਿੰਨ੍ਹਾ ਪ੍ਰਭਾਵ ਹੁੰਦਾ ਹੈ ਅਤੇ ਇਹ ਵੀ ਪ੍ਰਚਾਰ ਦੇ ਮਾਰਗ ਖੋਲਦੇ ਹਨ । ਬੰਗਲਾ ਦੇਸ਼ ਦੇ ਅਮੀਰ ਸਾਹਬ ਕਹਿੰਦੇ ਹਨ ਕਿ ਤਿੰਨ ਸਜੱਣ ਪ੍ਰਚਾਰ ਹੇਠ ਹਨ, ਪਰ ਵਾਹਵਾ ਪ੍ਰਚਾਰ ਦੇ ਬਾਦ ਵੀ ਕੋਈ ਬੈਅਤ ਕਰਨ ਲਈ ਤਿਆਰ ਨਹੀ ਹੋ ਰਿਹਾ ਸੀ । ਬੀਤੇ ਜੁਮਏ ਵਾਲੇ

ਦਿਨ ਇਹ ਤਿੰਨੇ ਮਿਤੱਰ ਮਸਜਿਦ ਵਿੱਚ ਆਏ ਜੁਮਏ ਦੇ ਖ਼ੁਤਬੇ ਦੌਰਾਨ ਵਕਫ਼ੇ ਜਦੀਦ ਦੇ ਹਵਾਲੇ ਨਾਲ ਧਿਆਨ ਦੁਆਇਆ ਗਿਆ ਤਾਂ ਜੁਮਏ ਦੇ ਬਾਦ ਲੋਕ ਚੰਦਾ ਦੇਣ ਲਈ ਲਾਈਨਾ ਬਣਾ ਕੇ ਖੜੇ ਹੋ ਗਏ ਇਹਨਾ ਪ੍ਰਚਾਰ ਹੇਠ ਮਿਤੱਰਾਂ ਨੇ ਜੱਦ ਇਹ ਮਹੌਲ ਦੇਖਿਆ ਤਾਂ ਕਹਿਣ ਲੱਗੇ ਚੰਦਾ ਲੈਣ ਲਈ ਤਾਂ ਸਾਡੇ ਮੌਲਵੀਆਂ ਦੇ ਤਾਂ ਗਲੇ ਤੇ ਮੂੰਹ ਸੁੱਕ ਜਾਂਦੇ ਹਨ ਅਤੇ ਫਿਰ ਵੀ ਲੋਕ ਚੰਦਾ ਨਹੀਂ ਦਿੰਦੇ । ਐਥੇ ਇਕ ਛੋਟਾ ਜਿਹਾ ਐਲਾਨ ਕੀਤਾ ਗਿਆ ਅਤੇ ਲੋਕ ਚੰਦਾ ਦੇਣ ਲਈ ਲਾਈਨਾ ਬਣਾ ਕੇ ਖੜੇ ਹੋ ਗਏ ਹਨ । ਇਹੋ ਇਸਲਾਮ ਦੀ ਸੱਚੀ ਆਤਮਾ ਹੈ । ਇਉਂ ਇਹਨਾਂ ਤਿੰਨ੍ਹਾ ਮਿਤੱਰਾਂ ਨੇ ਇਸ ਦ੍ਰਿਸ਼ ਨੂੰ ਦੇਖਣ ਦੇ ਬਾਦ ਉਸੇ ਸਮੇਂ ਬੈਅਤ ਕਰ ਲਈ ਅਤੇ ਵਕਫ਼ੇ ਜਦੀਦ ਦੀ ਮੱਦ ਵਿੱਚ ਚੰਦਾ ਵੀ ਦਿੱਤਾ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਜਮਾਤ ਦੇ ਲੋਕਾਂ ਦੀਆਂ ਕੁਰਬਾਨੀਆਂ ਦੇ ਈਮਾਨ ਵਧਾਉਣ ਵਾਲੀਆਂ ਗਲੱਾਂ ਵਰਨਣ ਕੀਤੀਆਂ । ਫਿਰ ਫਰਮਾਇਆ ਕਿ ਜਨਵਰੀ ਦੇ ਪਹਿਲੇ ਜੁਮਏ ਵਿੱਚ ਵਕਫ਼ੇ ਜਦੀਦ ਦੇ ਨਵੇਂ ਸਾਲ ਦੇ ਅਰੰਭ ਕੀਤੇ ਜਾਣ ਦਾ ਢੰਗ ਹੈ । ਇਹਨਾਂ ਕੁਝ ਗੱਲਾਂ ਦੇ ਬਾਦ ਹੁਣ ਮੈਂ ਵਕਫ਼ੇ ਜਦੀਦ ਦੇ 60ਵੇਂ ਸਾਲ ਦੇ ਅਰੰਭ ਹੋਣ ਦਾ ਐਲਾਨ ਕਰਦਾ ਹਾਂ ਅਤੇ ਬੀਤੇ ਸਾਲ ਦੀਆਂ ਰੱਬ ਦੀਆਂ ਮਿਹਰਾਂ ਦਾ ਵੀ ਵਰਨਣ ਕਰ ਦਿਆਂ ਕਿ ਵਸੂਲੀਆਂ ਕੀ ਹਨ ? ਵਕਫ਼ੇ ਜਦੀਦ ਦਾ ਸਾਲ 31 ਦਸੰਬਰ ਨੂੰ ਖ਼ਤਮ ਹੁੰਦਾ ਹੈ । 59ਵਾਂ ਸਾਲ 31 ਦਸੰਬਰ 2016ਈ. ਨੂੰ ਖ਼ਤਮ ਹੋਇਆ । ਰੱਬ ਦੀ ਮਿਹਰ ਨਾਲ ਦੁਨੀਆਂ ਦੀਆਂ ਜਮਾਤਾਂ ਨੇ ਜੋ ਹੁਣ ਤੱਕ ਰਿਪੋਰਟਾਂ ਆਈਆਂ ਹਨ ਇਸ ਅਨੁਸਾਰ ਅੱਸੀ ਲੱਖ ਵੀਹ ਹਜ਼ਾਰ ਪਾਉਂਡ ਦੀ ਕੁਰਬਾਨੀ ਪੇਸ਼ ਕੀਤੀ ਹੈ । ਬੀਤੇ ਸਾਲ ਤੋਂ ਇਹ ਕੁਰਬਾਨੀ ਗਿਆਰਾਂ ਲੱਖ ਉਨੱਤੀ ਹਜ਼ਾਰ ਪਾਉਂਡ ਵੱਧ ਹੈ । ਇਸ ਸਾਲ ਵੀ ਪਾਕਿਸਤਾਨ ਦੁਨੀਆਂ ਦੀਆਂ ਜਮਾਤਾਂ ਵਿੱਚ ਸਾਮੂਹਿਕ ਰੂਪ ਵਿੱਚ ਵਸੂਲੀ ਦੇ ਪੱਖੋਂ ਸਿਰ ਕੱਢ ਰਿਹਾ ਹੈ

ਪਾਸਿਤਾਨ ਤੋਂ ਬਿਨਾਂ ਸਾਮੂਹਿਕ ਵਸੂਲੀ ਦੇ ਪੱਖੋਂ ਵਿਦੇਸ਼ ਦੀਆਂ ਪਹਿਲੀਆਂ ਦੱਸ ਜਮਾਤਾਂ ਇਸ ਪ੍ਰਕਾਰ ਹਨ । ਨੰਬਰ ਇਕ'ਤੇ ਬਰਤਾਨੀਆ ਹੈ ਨੰਬਰ ਦੋ'ਤੇ ਜਰਮਨੀ, ਤਿੰਨ'ਤੇ ਅਮਰੀਕਾ, ਚਾਰ ਕੈਨੇਡਾ, ਪੰਜ ਭਾਰਤ, ਛੇ ਆਸਟ੍ਰੇਲੀਆ, ਸੱਤ ਮਿਡਲ ਈਸਟ, ਅਠੰਵੇਂ ਨੰਬਾਰ'ਤੇ ਇੰਡੋਨੇਸ਼ੀਆ, ਨੌਵੇਂ ਫਿਰ ਮਿਡਲ ਈਸਟ ਦਾ ਇਕ ਦੇਸ਼ ਹੈ ਦਸੱਵੇਂ ਨੰਬਰ'ਤੇ ਘਾਨਾ ਅਤੇ ਇਸ ਦੇ ਬਾਦ ਫਿਰ ਬੈਲਜੀਅਮ ਅਤੇ ਸਵਿਟਜ਼ਰ ਲੈਂਡ ਆਉਂਦੇ ਹਨ ।

ਪ੍ਰਤੀ ਵਿਅਕਤੀ ਦੀ ਅਦਾਇਗੀ ਦੇ ਪੱਖੋਂ ਅਮਰੀਕਾ ਨੰਬਰ ਇਕ'ਤੇ ਹੈ ਫਿਰ ਸਵਿਟਜ਼ਰਲੈਂਡ ਹੈ ਫਿਰ ਫ਼ਿਨਲੈਂਡ ਹੈ ਫਿਰ ਆਸਟ੍ਰੇਲੀਆ ਹੈ ਸਿੰਗਾਪੁਰ ਹੈ, ਫ਼੍ਰਾਂਸ ਹੈ ਫਿਰ ਜਰਮਨੀ ਫਿਰ ਟੈਨੇਡਾਡ ਫਿਰ ਬੈਲਜੀਅਮ ਫਿਰ ਕੈਨੇਡਾ । ਬਰਤਾਨੀਆਂ ਨੰਬਰ ਇਕ'ਤੇ ਆਉਣ ਦੇ ਬਾਦ ਵੀ ਪ੍ਰਤੀ ਵਿਅਕਤੀ ਵਿੱਚ ਪਿੱਛੇ ਹੈ । ਰੱਬ ਦੀ ਮਿਹਰ ਨਾਲ ਇਸ ਸਾਲ ਵਫਕਫ਼ੇ ਜਦੀਦ ਵਿੱਚ ਤੇਰ੍ਹਾਂ ਲੱਖ ਚਾਲ੍ਹੀ ਹਜ਼ਾਰ ਚੰਦਾ ਦੇਣ ਵਾਲੇ ਸ਼ਾਮਲ ਹੋਏ ਜੋ ਬੀਤੇ ਸਾਲ ਤੋਂ ਇਕ ਲੱਖ ਪੰਜ ਹਜ਼ਾਰ ਅਧਿਕ ਹੈ । ਗਿਣਤੀ ਵਿੱਚ ਵਾਧੇ ਦੇ ਪੱਖੋਂ ਕੈਨੇਡਾ, ਇੰਡੀਆ ਅਤੇ ਬਰਤਾਨੀਆ ਤੋਂ ਬਿਨਾ ਅਫ਼ਰੀਕਾ ਵਿੱਚ ਗਿਨੀ ਕਨਾਕਰੀ, ਕੈਮਰੂਨ, ਗੈਮਬੀਆ, ਸੈਨੇਗਾਲ, ਬੈਨਨ, ਨਾਈਜੀਰੀਆ, ਕੌਂਗੋ ਕਨਸਾਸ਼ਾ, ਬੁਰਕੀਨਾ ਫ਼ਾਸੋ ਅਤੇ ਤਨਜ਼ਾਨੀਆ ਨੇ ਚੰਗਾ ਕੰਮ ਕੀਤਾ ਹੈ ।

ਭਾਰਤ ਦੇ ਦਸ ਪ੍ਰਾਂਤ ਇਸ ਪ੍ਰਕਾਰ ਹਨ, ਨੰਬਰ ਇਕ'ਤੇ ਕੇਰਾਲਾ, ਦੋ'ਤੇ ਜੰਮੂ ਕਸ਼ਮੀਰ ਫਿਰ ਤਾਮਿਲ ਨਾਡੂ ਫਿਰ ਕਰਨਾਟਕਾ ਫਿਰ ਤਿਲੰਗਾਨਾ ਫਿਰ ਉੜੀਸਾ ਫਿਰ ਵੈਸਟ ਬੰਗਾਲ ਫਿਰ ਕਾਦੀਆਂ, ਫਿਰ ਕਿਨਾਨੂਰ ਟਾਊਨ ਫਿਰ ਕੋਲਕਾਤਾ, ਫਿਰ ਬੰਗਲੋਰ ਫਿਰ ਸੋਲੋ, ਫਿਰ ਪੈਂਗਾਡੀ । ਅਲੱਾਹ ਤਆਲਾ ਇਹਨਾਂ ਸਾਰਿਆਂ

ਕੁਰਬਾਨੀ ਕਰਨ ਵਾਲਿਆਂ ਦੇ ਧੰਨ ਮਾਲ ਵਿੱਚ ਅਤਿਅੰਤ ਬਰਕਤ ਪਾਵੇ ਅਤੇ ਭਵਿੱਖ ਵਿੱਚ ਸੰਬੰਧਤ ਅਹੁਦੇਦਾਰਾਂ ਨੂੰ ਕਾਰਜਸ਼ੀਲ ਕਰੇ ਕਿ ਉਹ ਆਪਣੇ ਕੰਮ ਸਹੀ ਕਰਨ ਅਤੇ ਜੋ ਕਮੀਆਂ ਰਹਿ ਗਈਆਂ ਹਨ ਉਹਨਾ ਨੂੰ ਪੂਰਾ ਕਰਨ ਦਾ ਜਤਨ ਕਰਨ । ਵਿਸ਼ੇਸ਼ ਰੂਪ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਵੱਧ ਤੋਂ ਵੱਧ ਵਾਧਾ ਹੋਣਾ ਚਾਹੀਦਾ ਹੈ, ਹਰ ਇਕ ਨੂੰ ਸ਼ਾਮਲ ਕਰਨਾ ਵੀ ਜ਼ਰੂਰੀ ਹੈ ਭਾਂਵੇਂ ਥੋੜੀ ਰਕਮ ਦੇਕੇ ਸ਼ਾਮਲ ਹੋਣ ।

ਖੁਤਬੇ ਦੇ ਅਖੀਰ ਵਿਚ ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਨਮਾਜ਼ਾਂ ਦੇ ਬਾਦ ਦੋ ਜਨਾਜ਼ੇ ਗ਼ੈਬ ਵੀ ਪੜ੍ਹਾਂਵਾਂਗਾ । ਪਹਿਲਾਂ ਜਨਾਜ਼ਹ ਮੁਕਰੱਮਾ ਇਸਮਾ ਤਾਹਿਰਾ ਸਾਹਿਬਾ ਦਾ ਜੋ ਮੁਕਰੱਮ ਸਾਹਿਬਜ਼ਾਦਾ ਮਿਰਜ਼ਾ ਖ਼ਲੀਲ ਅਹਮਦ ਸਾਹਬ ਦੀ ਸੁਪੱਤਨੀ ਸਨ । 23 ਦਸੰਬਰ 2016ਈ. ਨੂੰ 79 ਸਾਲ ਦੀ ਉਮਰ ਵਿੱਚ ਕੈਨੇਡਾ ਵਿੱਚ ਸਵਰਗ ਸਿਧਾਰ ਗਈਂ । اناللهواناالیہراجعون۔

ਫ਼ਰਮਾਇਆ : ਦੂਜਾ ਨਮਾਜ਼ ਜਨਾਜ਼ਹ ਮੁਕਰੱਮ ਚੌਧਰੀ ਹਮੀਦ ਨਸਰੁਲੱਾਹ ਖਾਂਨ ਸਾਹਬ ਦਾ ਹੈ ਜੋ 4 ਜਨਵਰੀ 2017ਈ. ਨੂੰ ਲਾਹੌਰ ਵਿੱਚ 83 ਸਾਲ ਦੀ ਉਮਰ ਵਿੱਚ ਵਫ਼ਾਤ ਪਾ ਗਏ ( انا للہ وانا الیہ راجعون۔) ਹਜ਼ੂਰ ਨੇ ਦੋਵੇਂ ਬਜ਼ੁਰਗਾਂ ਦੇ ਸਦਗੁਣਾ ਨੂੰ ਵਰਨਣ ਕੀਤਾ ਅਤੇ ਫ਼ਰਮਾਇਆ ਕਿ ਅਲੱਾਹ ਤਆਲਾ ਇਹਨਾਂ ਨਾਲ ਬਖ਼ਸ਼ਿਸ਼ ਤੇ ਰਹਿਮਤ ਦਾ ਸਲੂਕ ਫ਼ਰਮਾਏ, ਇਹਨਾਂ ਦੇ ਦਰਜੇ ਬੁਲੰਦ ਕਰੇ ਅਤੇ ਇਹਨਾਂ ਦੀਅ ਸੰਤਾਨ ਨੂੰ ਵੀ ਵਫ਼ਾਦਾਰੀ ਨਾਲ ਖ਼ਿਲਾਫ਼ਤ ਅਤੇ ਜਮਾਤ ਨਾਲ ਸਲੰਗਤ ਰੱਖੇ ਅਤੇ ਉਹਨਾਂ ਦੀਆਂ ਨੇਕੀਆਂ ਜਾਰੀ ਰਖੱਣ ਦਾ ਸੰਜੋਗ ਪ੍ਰਦਾਨ ਕਰੇ ।

**Khulasa Khutba Jumma 06.01.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131